# ਸਿਖਾਉਣ ਅਤੇ ਪ੍ਰਚਾਰ ਲਈ ਮਦਦ

ਡੇਵਿਡ ਰੋਪਰ

# ਦਾਊਦ ਦਾ ਜੀਵਨ

‘‘ਪਰਮੇਸ਼ੁਰ ਦੇ ਮਨ ਦੇ ਅਨੁਸਾਰੀ ਆਦਮੀ’’


1. 1 ਸਮੂਏਲ 16 ........ ਦਾਊਦ ਦਾ ਆਰੰਭਿਕ ਜੀਵਨ
2. 1 ਸਮੂਏਲ 17 ........ ਦਾਊਦ ਅਤੇ ਗੋਲੀਅਥ
3. 1 ਸਮੂਏਲ 17–23; 2 ਸਮੂਏਲ 1 ........ ਦਾਊਦ ਅਤੇ ਯੋਨਾਥਾਨ
4. 1 ਸਮੂਏਲ 18–23 ........ ਭਗੌੜੇ ਦੇ ਰੂਪ ਵਿਚ ਦਾਊਦ
5. 1 ਸਮੂਏਲ 24–26; 2 ਸਮੂਏਲ 1 ........ ਦਾਊਦ ਦਾ ਸ਼ਾਊਲ ਨੂੰ ਛੱਡਣਾ


‘‘ਇਸਰਾਏਲ ਦਾ ਆਜੜੀ ਬਾਦਸ਼ਾਹ’’


6. 1 ਸਮੂਏਲ 27–2 ਸਮੂਏਲ 2 ........ ਫ਼ਲਸਤੀਨ ਵਿਚ ਦਾਊਦ ਦੇ ਸੌਲਾਂ ਮਹੀਨੇ
7. 2 ਸਮੂਏਲ 2–6; 23; 1 ਇਤਿ. 11–14 ........ ਬਾਦਸ਼ਾਹ ਦੇ ਰੂਪ ਵਿਚ ਦਾਊਦ ਦੇ ਮੁੱਢਲੇ ਦਿਨ
8. 2 ਸਮੂਏਲ 6; 7; 1 ਇਤਿ. 13; 15–17; 22; 28 ........ ਦਾਊਦ ਅਤੇ ਖ਼ੁਦਾ ਦਾ ਸੰਦੂਕ
9. 2 ਸਮੂ. 8–12; 21; 23; 1 ਇਤਿ. 11; 18–20; 23–27 ........ ਬਾਦਸ਼ਾਹ ਦੇ ਰੂਪ ਵਿਚ ਦਾਊਦ ਦੀ ਕਾਮਯਾਬੀ


‘‘ਇਸਰਾਏਲ ਦਾ ਸੁਰੀਲਾ ਗਾਇਕ’’


10. 2 ਸਮੂਏਲ 11; 12 ........ ਦਾਊਦ ਅਤੇ ਬਥਸ਼ਬਾ
11. 2 ਸਮੂਏਲ 11–16; 18 ........ ਬਥਸ਼ੇਬਾ ਨਾਲ ਪਾਪ ਦੇ ਬਾਅਦ ਦਾਊਦ ਦੀਆਂ ਮੁਸ਼ਕਿਲਾਂ
12. 2 ਸਮੂਏਲ 15–20 ........ ਦਾਊਦ ਅਤੇ ਖ਼ੁਦਾ ਦਾ ਅਨੁਸ਼ਾਸਨ
13. 2 ਸਮੂਏਲ 21–24; 1 ਰਾਜਿਆਂ 1; 2; 1 ਇਤਿਹਾਸ 20–29 ........ ਦਾਊਦ ਦੇ ਆਖ਼ਰੀ ਦਿਨ

# ਦਾਊਦ ਦੇ ਖ਼ਾਨਦਾਨ ਦਾ ਰੁੱਖ



# ਦਾਊਦ ਦਾ ਪਰਿਵਾਰ

*ਦਾਊਦ ਦੀ ਮਾਤਾ।* ਬਾਈਬਲ ਵਿਚ ਦਾਊਦ ਦੀ ਮਾਤਾ ਦੇ ਕੁਝ ਹੀ ਹਵਾਲੇ ਹਨ ਪਰ ਉਸ ਦਾ ਨਾਂਅ ਕਿਤੇ ਨਹੀਂ ਦਿੱਤਾ ਗਿਆ। ਇਹ ਵਿਚਾਰ ਕਿ ਦਾਊਦ ਦੀ ਜ਼ਿੰਦਗੀ ਨੂੰ ਦੱਸਣ ਲਈ ਛਿਆਹਠ ਅਧਿਆਇ ਹਨ, ਹੈਰਾਨੀਜਨਕ ਲਗਦਾ ਹੈ। ਇਹ ਇਸ ਕਿਆਫ਼ੇ ਨੂੰ ਜਨਮ ਦਿੰਦਾ ਹੈ ਕਿ ਉਹਦੇ ਨਾਲ ਕੋਈ ਕਲੰਕ ਹੋਵੇਗਾ।

ਦਾਊਦ ਨੇ ਜਦ ਉਹ ਭਗੌੜਾ ਸੀ, ਆਪਣੀ ਮਾਤਾ ਅਤੇ ਪਿਤਾ ਨੂੰ ਮੁਆਬ ਦੇ ਬਾਦਸ਼ਾਹ ਕੋਲ ਰੱਖਿਆ ਸੀ (1 ਸਮੂਏਲ 22:3), ਇਸ ਕਰਕੇ ਕੁਝ ਲੋਕਾਂ ਦਾ ਸੁਝਾਅ ਹੈ ਕਿ ਯੱਸੀ ਨੇ ਆਪਣੇ ਦਾਦੇ ਬੋਅਜ਼ ਵਾਂਗ ਹੀ ਕਿਸੇ ਮੋਆਬਣ ਔਰਤ ਨਾਲ ਵਿਆਹ ਕਰ ਲਿਆ ਹੋਵੇਗਾ।

ਇਕ ਹੋਰ ਕਿਆਫ਼ਾ ਜ਼ਬੂਰ 51 ਦੀ ਇਸ ਪੇਚੀਦਾ ਗੱਲ ਉੱਤੇ ਕੇਂਦਰਿਤ ਹੈ, ''ਵੇਖੋ, ਮੈਂ ਬਦੀ ਵਿਚ ਜੰਮਿਆ ਅਤੇ ਪਾਪ ਵਿਚ ਮੇਰੀ ਮਾਤਾ ਨੇ ਮੈਨੂੰ ਕੁੱਖ ਵਿਚ ਲਿਆ'' (ਆਇਤ 5)। ਕੈਲਵਿਨਵਾਦੀ ਸਿੱਖਿਆ ਦੇਣ ਵਾਲੇ ਲੋਕ ਮੈਰੂਸੀ ਗੁਨਾਹ ਦੀ ਸਿੱਖਿਆ ਲਈ ਇਸ ਨੂੰ ਸਬੂਤ ਮੰਨਦੇ ਹਨ, ਪਰ ਬਾਈਬਲ ਸਿਖਾਉਂਦੀ ਹੈ ਕਿ ਅਸੀਂ ''ਪਾਪ ਵਿਚ ਪੈਦਾ'' *ਨਹੀਂ* ਹੁੰਦੇ ਭਾਵ ਹਰ ਸ਼ਖ਼ਸ ਆਪਣੇ ਹੀ ਪਾਪਾਂ ਲਈ ਜ਼ਿੰਮੇਵਾਰ ਹੈ ਨਾ ਕਿ ਆਪਣੇ ਵੱਡਿਆਂ ਦੇ ਪਾਪਾਂ ਦੇ, ਜਿਸ ਵਿਚ ਆਦਮ ਵੀ ਸ਼ਾਮਿਲ ਹੈ (ਉਤਪਤ 7:29; ਹਿਜ਼ਕੀਏਲ 18:4, 19, 20; ਜ਼ਕਰਯਾਹ 12:1; ਮੱਤੀ 18:3; 19:14; ਰਸੂਲਾਂ ਦੇ ਕੰਮ 17:29; ਰੋਮੀਆਂ 2:6; 1 ਕੁਰਿੰਥੀਆਂ 14:20; 2 ਕੁਰਿੰਥੀਆਂ 5:10; ਗਲਾਤੀਆਂ 6:5; ਆਦਿ)। ਦਾਊਦ ਜਨਮ ਵੇਲੇ ਆਪਣੇ ਪਾਪ ਨਾਲ ਭਰੇ ਹੋਣ ਦੀ ਨਹੀਂ ਬਲਕਿ ਉਸ ਮਾਹੌਲ ਦੀ ਗੱਲ ਕਰ ਰਿਹਾ ਸੀ ਜਿਸ ਵਿਚ ਉਹ ਕੁੱਖ ਵਿਚ ਪਿਆ ਸੀ ਅਤੇ ਪੈਦਾ ਹੋਇਆ ਸੀ। ਇਹ ਸ਼ਬਦ ਪਾਪ ਭਰੇ ਸੰਸਾਰ ਦਾ ਸ਼ਾਇਰਾਨਾ ਢੰਗ ਹੋ ਸਕਦੇ ਹਨ, ਪਰ ''ਪਾਪ ਵਿਚ ਮੇਰੀ ਮਾਤਾ ਨੇ ਮੈਨੂੰ ਕੁੱਖ ਵਿਚ ਲਿਆ'' ਸ਼ਬਦਾਂ ਦਾ ਅਰਥ ਸਪੱਸ਼ਟ ਨਹੀਂ ਹੈ। ਇਹ ਜ਼ਬੂਰ ਵਿਭਚਾਰ ਦੇ ਪਾਪ ਬਾਰੇ ਨਹੀਂ ਹੈ ਜਿਸ ਵਿਚ ਦਾਊਦ ਕਹਿ ਰਿਹਾ ਹੋਵੇ ਕਿ ਉਸ ਦੀ ਮਾਂ ਉਸ ਪਾਪ ਦੀ ਮੁਜਰਮ ਸੀ? ਕਈਆਂ ਦਾ ਮੰਨਣਾ ਹੈ ਕਿ ਦਾਊਦ ਪਰਿਵਾਰ ਦੇ ਹੋਰ ਲੋਕਾਂ ਦੀ ਨਜ਼ਰ ਵਿਚ ਗੈਰ ਕਾਨੂੰਨੀ, ਅਣਚਾਹਿਆ, ਮੁਸੀਬਤ ਵਿਚ ਪਾਉਣ ਵਾਲਾ ਬੱਚਾ ਸੀ।

ਹੋ ਸਕਦਾ ਹੈ ਕਿ ਅਸੀਂ ਦਾਊਦ ਦੀ ਮਾਂ ਦੇ ਰਹੱਸ ਨੂੰ ਕਦੇ ਨਾ ਜਾਣ ਸਕੀਏ, ਪਰ ਇਸ ਗੱਲ ਦਾ ਹਰ ਸੰਕੇਤ ਹੈ ਕਿ ਉਹ ਉਹਦੇ ਲਈ ਅਜ਼ੀਜ਼ ਸੀ ਅਤੇ ਉਹ ਉਸ ਦੀ ਦੇਖਭਾਲ ਕਰਦਾ ਸੀ (1 ਸਮੂਏਲ 22:3; 2 ਸਮੂਏਲ 19:37)।

*ਦਾਊਦ ਦੀਆਂ ਭੈਣਾਂ।* ਦਾਊਦ ਦੀਆਂ ਦੋ ਭੈਣਾਂ ਸਨ, ਸਰੂਯਾਹ ਅਤੇ ਅਬੀਗੈਲ, ਅਤੇ ਉਨ੍ਹਾਂ ਦੇ ਬੱਚਿਆਂ ਦੇ ਨਾਂਅ 1 ਇਤਿਹਾਸ 2:16, 17 ਵਿਚ ਦਿੱਤੇ ਗਏ ਹਨ। ਸਰੂਯਾਹ ਦੇ ਇਕ ਪੁੱਤਰ ਦਾ ਨਾਂਅ ਯੋਆਬ ਸੀ। ਜਦ ਅਬੀਗੈਲ (ਜਾਂ ਅਬਿਗਲ) ਦਾ ਜ਼ਿਕਰ 2 ਸਮੂਏਲ 17:25 ਵਿਚ ਹੋਇਆ ਤਾਂ ਉਸ ਨੂੰ ਸਰੂਯਾਹ ਦੀ ਭੈਣ ਦੇ ਰੂਪ ਵਿਚ ਵਿਖਾਇਆ ਗਿਆ (ਜਿਸ ਦਾ ਯੋਆਬ ਨਾਮਕ ਪੁੱਤਰ ਸੀ)। ਇਹ ਕਿਹਾ ਗਿਆ ਹੈ ਕਿ ਉਹ ਯੱਸੀ ਦੀ ਥਾਂ ''ਨਾਹਾਸ਼ ਦੀ ਬੇਟੀ'' ਸੀ। ਇਸ ਉੱਤੇ ਕਈ ਵਿਆਖਿਆਵਾਂ ਦਿੱਤੀਆਂ ਗਈਆਂ ਹਨ: (1) ਨਾਹਾਸ਼ ''ਯੱਸੀ'' ਦਾ ਹੀ ਦੂਜਾ ਨਾਂਅ ਸੀ। (2) ''ਨਾਹਾਸ਼'' ਯੱਸੀ ਦੀ ਇਕ ਪਤਨੀ ਦਾ ਨਾਂਅ ਸੀ। (3) ਯੱਸੀ ਨੇ ਇਕ ਵਿਧਵਾ ਨਾਲ ਵਿਆਹ ਕੀਤਾ ਸੀ ਜਿਸ ਦੀਆਂ ਦੋ ਬੇਟੀਆਂ ਸਨ, ਜਿਸ ਦਾ ਪਹਿਲੇ ਨਾਹਾਸ਼ ਨਾਮਕ ਕਿਸੇ ਆਦਮੀ ਨਾਲ ਵਿਆਹ ਹੋਇਆ ਸੀ। ਇਸ ਬਾਰੇ ਸਪੱਸ਼ਟ ਜਾਣਕਾਰੀ

ਬਹੁਤ ਘੱਟ ਮਿਲਦੀ ਹੈ।

*ਦਾਊਦ ਦੇ ਪਰਿਵਾਰ ਦੇ ਦੂਜੇ ਲੋਕਾਂ ਨਾਲ ਸਬੰਧ।* ਸਭ ਕਿਆਫ਼ਿਆਂ ਤੋਂ ਇਹ ਮੁਮਕਿੰਨ ਹੈ ਕਿ ਦਾਊਦ ਸਭ ਦਾ ਜਾਂ ਕਿਸੇ ਕਿਸੇ ਦਾ ਮਤਰੇਆ ਭਰਾ ਸੀ। ਇਹ ਇਸ ਗੱਲ ਨੂੰ ਸਮਝਣ ਲਈ ਮਦਦਗਾਰ ਹੋ ਸਕਦਾ ਹੈ ਕਿ ਉਹ ਬਾਹਰੀ ਆਦਮੀ ਵਾਂਗ ਕਿਉਂ ਸੀ।

---

## ਸਮਲਿੰਗੀ ਪ੍ਰੇਮੀ?

ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਨ ਵਾਲੇ ਕਿ ਖ਼ੁਦਾ ਸਮਲੈਂਗਿਕਤਾ ਨੂੰ ਕਬੂਲ ਕਰਦਾ ਹੈ, ਬਾਈਬਲ ਵਿੱਚੋਂ ਸਮਲਿੰਗੀ ਪ੍ਰੇਮੀਆਂ ਦੀ ਉਦਾਹਰਣ ਲਈ ਦਾਊਦ ਅਤੇ ਯੋਨਾਥਾਨ ਦਾ ਨਾਂਅ ਦੱਸਦੇ ਹਨ। ਸਬੂਤ ਲਈ ਉਹ (1) ਦੋਹਾਂ ਦੀ ਨੇੜਤਾ; (2) ਦਾਊਦ ਲਈ ਯੋਨਾਥਾਨ ਦਾ ''ਪਿਆਰ'' (1 ਸਮੂਏਲ 18:1, 3)। (3) ਇਹ ਕਿ ਉਨ੍ਹਾਂ ਨੇ ਇਕ ਦੂਜੇ ਨੂੰ ਚੁੰਮਿਆ ਸੀ (1 ਸਮੂਏਲ 20:41); (4) ਯੋਨਾਥਾਨ ਦੇ ਵੈਣ ਵਿਚ ਦਾਊਦ ਦਾ ਇਹ ਕਹਿਣਾ ਕਿ ''ਮੇਰੀ ਵੱਲ ਤੇਰੀ ਅਚਰਜ ਪ੍ਰੀਤ ਸੀ, ਤੀਵੀਆਂ ਦੀ ਪ੍ਰੀਤ ਨਾਲੋਂ ਵੀ ਵਧੀਕ'' (2 ਸਮੂਏਲ 1:26) ਵੱਲ ਧਿਆਨ ਦੁਆਉਂਦੇ ਹਨ।

ਦੋਹਾਂ ਦਾ ਸਬੰਧ ਬੜਾ ਗੂੜ੍ਹਾ ਸੀ, ਪਰ ਅਜਿਹਾ ਕੋਈ ਸਬੂਤ ਨਹੀਂ ਕਿ ਉਹ ''ਸਮਲਿੰਗੀ'' ਸਨ ਬਲਕਿ ਬਹੁਤਾ ਸਬੂਤ ਤਾਂ ਇਹੀ ਹੈ ਕਿ ਉਹ ''ਸਪੱਸ਼ਟਵਾਦੀ'' ਸਨ। ਦੋਵੇਂ ਵਿਆਹੇ ਹੋਏ ਸਨ ਅਤੇ ਦੋਹਾਂ ਦੇ ਬੱਚੇ ਸਨ (1 ਇਤਿਹਾਸ 3:1–9; 9:40)। ਦਾਊਦ ਲਈ ਯੋਨਾਥਾਨ ਦੀ ''ਪ੍ਰੀਤ'' ਲਈ ਇਬਰਾਨੀ ਸ਼ਬਦ *aheb* ਸੀ ਜੋ ਪਤੀ ਜਾਂ ਪਤਨੀ ਦੇ ਪ੍ਰੇਮ ਲਈ ਨਹੀਂ (ਉਤਪਤ 24:67), ਬਲਕਿ ਬੱਚੇ ਲਈ (ਉਤਪਤ 22:2), ਖਾਣੇ ਲਈ (ਉਤਪਤ 27:4), ਖ਼ੁਦਾ ਲਈ (ਕੂਚ 20:6) ਜਾਂ ਗੁਆਂਢੀ ਲਈ (ਲੇਵੀਆਂ ਦੀ ਪੋਥੀ 19:18) ਵੀ ਵਰਤਿਆ ਜਾਂਦਾ ਸੀ। ਇਸ ਵਿਚ ਸਮਲਿੰਗੀ ਹੋਣ ਦੀ ਕੋਈ ਬੋ ਨਹੀਂ ਸੀ।

ਉਨ੍ਹਾਂ ਦਿਨਾਂ ਵਿਚ ਚੁੰਮਣਾ ਅੱਜ ਦੇ ਹੱਥ ਮਿਲਾਉਣ ਵਾਂਗ ਹੀ ਸਲਾਮ ਕਹਿਣ ਦਾ ਆਮ ਢੰਗ ਸੀ (ਰੋਮੀਆਂ 16:16)। ਅੱਜ ਵੀ ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਵਿਚ ਗੱਲ੍ਹ ਉੱਤੇ ਚੁੰਮ ਕੇ ਸਲਾਮ ਕਰਨਾ ਆਮ ਗੱਲ ਹੈ।

ਦਾਊਦ ਲਈ ਯੋਨਾਥਾਨ ਦੀ ਮੁਹੱਬਤ ''ਔਰਤਾਂ ਦੀ ਪ੍ਰੀਤ ਨਾਲੋਂ ਵੀ ਵੱਧ ਸੀ'' ਕਿਉਂਕਿ ਉਨ੍ਹਾਂ ਦਾ ਪਿਆਰ ਨਿਰਸੁਆਰਥ ਸੀ। ਦਾਊਦ ਦਾ ਦੋਸਤ ਬਣ ਕੇ ਯੋਨਾਥਾਨ ਦਾ ਫ਼ਾਇਦਾ ਨਹੀਂ ਬਲਕਿ ਨੁਕਸਾਨ ਹੀ ਹੋਇਆ ਸੀ। ਇਸ ਨੇ ਦਾਊਦ ਨੂੰ ਹੈਰਾਨ ਕਰ ਰੱਖਿਆ ਸੀ।

*ਸਮਲੈਂਗਿਕਤਾ ਬਾਰੇ ਬਾਈਬਲ ਵਿੱਚੋਂ ਜਾਣਨ ਲਈ ਉਤਪਤ 13:13; 19:5–11; ਲੇਵੀਆਂ 18:22; 20:13; ਨਿਆਈਆਂ 19:22–28; 1 ਰਾਜਿਆਂ 14:24; 15:12; 22:46; 2 ਰਾਜਿਆਂ 23:7; ਰੋਮੀਆਂ 1:18–32; 1 ਕੁਰਿੰਥੀਆਂ 6:9–12; ਗਲਾਤੀਆਂ 5:19–21; 1 ਤਿਮੋਥਿਉਸ 1:9, 10; ਯਹੂਦਾ 7 ਪੜ੍ਹੋ।*



ਦੱਖਣੀ ਫ਼ਲਸਤੀਨ
ਦਾਊਦ ਦੇ ਮੁੱਢਲੇ ਸਾਲਾਂ ਦੌਰਾਨ
ਗੰਨੇਸਰਥ (ਗਲੀਲ) ਦੀ ਝੀਲ
ਯਰਦਨ ਦਰਿਆ
ਭੂਮੱਧ ਸਾਗਰ
ਰਾਮਾਹ
ਗੀਬਾ
ਨੋਬ
ਯਬੂਸ
(ਬਾਅਦ ਦਾ ਯਰੂਸ਼ਲਮ)
ਬੈਤਲਹਮ
ਏਲਾਹ ਘਾਟੀ
ਗਥ
ਅਦੁੱਲਾਮ
ਏਲਾਹ ਘਾਟੀ
ਜ਼ੀਫ਼
ਐਨਗਦੀ
ਲੂਣਾ ਸਮੁੰਦਰ
ਫ਼ਲਿਸਤੀਨ
ਕਰਮੇਲ
ਮਾਓਨ
ਹੇਰੇਤ ਦੀ ਉਜਾੜ
(ਮੁਆਬੀ)
(ਅਮਾਲੇਕੀ)
(ਅਦੋਮੀ)
ਮੀਲ 0 10 20
ਕਿਲੋਮੀਟਰ 0 10 20 30